aglasem.com

FOR PUNJAB CLASS 12 PREPARATION

PSEB 12th Sample Paper 2027 Religion

EXAM	YEAR	TYPE	SUBJECT
Punjab Class 12	2027	Sample Paper	Religion

ਕਲਾਸ - ਬਾਰ੍ਹਵੀਂ

ਧਰਮ

(2026-27)

ਸਮਾਂ-3 ਘੰਟੇ **ਮਾਡਲ ਟੈਸਟ ਪੇਪਰ** **ਥਿਊਰੀ-80 ਅੰਕ**

1. **ਸਾਰੇ ਪ੍ਰਸ਼ਨ ਲਾਜ਼ਮੀ ਹਨ।**
2. **ਪ੍ਰਸ਼ਨ ਪੱਤਰ 3 ਭਾਗਾਂ ਵਿੱਚ ਹੈ (ੳ,ਅ,ੲ)**

(ਭਾਗ-ੳ) **20x1=20**

ਵਸਤੂਨਿਸ਼ਠ ਪ੍ਰਸ਼ਨ

ਬਹੁ-ਵਿਕਲਪੀ ਪ੍ਰਸ਼ਨ

1. ਜਲ ਦੀ ਪਵਿੱਤਰਤਾ ਮਹੋਂਜੋਦੜੋ ਤੋਂ ਮਿਲੀ ਕਿਸ ਚੀਜ਼ ਤੋਂ ਪਤਾ ਲੱਗੀ ?

(ੳ) ਨਦੀ (ਅ) ਖੂਹ (ੲ) ਵਿਸ਼ਾਲ ਇਸ਼ਨਾਨ ਘਰ (ਸ) ਬਾਉਲੀ

2. ਗੁਰੂ ਨਾਨਕ ਦੇਵ ਜੀ ਕਿਹੜੀ ਉਦਾਸੀ ਸਮੇਂ ਸਯੱਦਪੁਰ,ਕੁਰਕਸ਼ੇਤਰ,ਪਾਣੀਪੱਤ ਅਤੇ ਦਿੱਲੀ ਗਏ?

(ੳ) ਚੌਥੀ (ਅ) ਤੀਜੀ (ੲ) ਦੂਜੀ (ਸ) ਪਹਿਲੀ

3. ਸਭ ਤੋਂ ਪੁਰਾਣਾ ਵੇਦ ਕਿਹੜਾ ਹੈ?

(ੳ) ਅਥਰਵਵੇਦ (ਅ) ਸਾਮਵੇਦ (ੲ) ਰਿਗਵੇਦ (ਸ) ਯਜੁਰਵੇਦ

ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਉੱਤਰ ਦਿਉ।

4. ਸਿੰਧੂ ਘਾਟੀ ਸਭਿਅਤਾ ਦੇ ਕਿਸੇ ਇੱਕ ਕੇਂਦਰ ਦਾ ਨਾਂ ਲਿਖੋ।
5. ਮਹਾਤਮਾ ਬੁੱਧ ਦੀਆਂ ਕੋਈ ਦੋ ਸਿੱਖਿਆਵਾਂ ਲਿਖੋ।
6. ਗੁਰਮੁਖੀ ਲਿਪੀ ਦਾ ਸੁਧਾਰ ਕਿਹੜੇ ਗੁਰੂ ਜੀ ਨੇ ਕੀਤਾ?
7. ਗੁਰੂ ਅਮਰਦਾਸ ਜੀ ਦੀ ਇਕ ਰਚਨਾ ਦਾ ਨਾਂ ਲਿਖੋ।
8. ਧਰਮ ਸੂਤਰ ਸਾਹਿਤ ਵਿਚ ਕਿਹੜਾ ਸੂਤਰ ਸ਼ਾਮਿਲ ਹੈ?
9. ਆਦਿ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਕਿਸ ਸਥਾਨ ਵਿਖੇ ਹੋਇਆ?

ਖਾਲੀ ਥਾਵਾਂ ਭਰੋ:

10. ..... ਤੁਫਾਨ ਦੇ ਦੇਵਤਾ ਸਨ।
11. ਅਥਰਵਵੇਦ ਨੂੰ..... ਕਿਹਾ ਜਾਂਦਾ ਹੈ।
12. ਮੁੱਖ ਤੌਰ ਤੇ ਉਪਨਿਸ਼ਦਾਂ ਦੀ ਗਿਣਤੀ .....ਮੰਨੀ ਜਾਂਦੀ ਹੈ।
13. ਵੇਦਾਂ ਦੀ ਕੁੱਲ ਗਿਣਤੀ ..... ਹੈ।
14. ਆਦਿ ਗ੍ਰੰਥ ਦਾ ਸੰਕਲਨ 1601 ਤੋਂ ..... ਤੱਕ ਹੋਇਆ।

15. ਕਠੋ ਉਪਨਿਸ਼ਦ .....ਵੇਦ ਦਾ ਉਪਨਿਸ਼ਦ ਹੈ।

16. ਜੈਨ ਧਰਮ ਵਿੱਚ ..... ਤੀਰਥੰਕਰ ਸਨ?

17. ਨਾਮ ਜਪੋ,ਕਿਰਤ ਕਰੋ,ਵੰਡ ਛੱਕੋ ਦੇ ਸਿਧਾਂਤ ..... ਜੀ ਨੇ ਦਿੱਤੇ?

ਸਹੀ/ਗਲਤ ਲਿਖੋ-

18. ਜੈਨ ਧਰਮ ਵਿੱਚ ਅੱਠ ਪ੍ਰਕਾਰ ਦੇ ਅਲੰਕਾਰ ਦਾ ਜ਼ਿਕਰ ਹੈ। ( )

19. ਸਿੱਖ ਜੀਵਨ ਜਾਚ ਅਨੁਸਾਰ ਸ੍ਰਿਸ਼ਟੀ ਦਾ ਪ੍ਰਬੰਧ ਪਰਮਾਤਮਾ ਦੇ ਹੁਕਮ ਨਾਲ਼ ਚਲ ਰਿਹਾ ਹੈ। ( )

20. ਸਿੱਖ ਧਰਮ ਅਨੁਸਾਰ ਕੁਰਹਿਤਾਂ ਕਰਨ ਵਾਲ਼ੇ ਨੂੰ ਤਨਖਾਹ ਲਾਈ ਜਾਂਦੀ ਹੈ। ( )

ਭਾਗ- ਅ **10x3=30**

ਛੋਟੇ ਉਤਰਾਂ ਵਾਲੇ ਪ੍ਰਸ਼ਨ 60-80 ਸ਼ਬਦਾ ਵਿੱਚ ਉਤਰ ਲਿਖੋ।

21. ਆਰੀਆ ਦੀ ਊਸ਼ਾ ਦੇਵੀ ਬਾਰੇ ਜਾਣਕਾਰੀ ਦਿਉ।

22. ਬੋਧ 'ਸੰਘ' ਤੋਂ ਕੀ ਭਾਵ ਹੈ ?

23. ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਬਾਰੇ ਤੁਸੀ ਕੀ ਜਾਣਦੇ ਹੋ?

24. ਵੈਦਿਕ ਸਾਹਿਤ ਵਿੱਚੋਂ ਸਵਰਗ ਅਤੇ ਨਰਕ ਵਿੱਚ ਵਿਸ਼ਵਾਸ ਦਾ ਪਤਾ ਲੱਗਦਾ ਹੈ। ਵਿਚਾਰ ਕਰੋ।

25. ਧਰਮ ਸੂਤਰ ਤੋਂ ਕੀ ਭਾਵ ਹੈ?

26. ਤੈਤੈਯ ਉਪਨਿਸ਼ਦ ਬਾਰੇ ਤੁਸੀਂ ਕੀ ਜਾਣਦੇ ਹੋ?

27. ਆਦਿ ਗ੍ਰੰਥ ਦੀ ਸੰਪਾਦਨਾ ਦੀ ਲੋੜ ਕਿਉਂ ਪਈ?

28. ਬੁੱਧਮੱਤ ਅਨੁਸਾਰ ਦੁਖਾਂ ਦੀ ਸਮਾਪਤੀ ਕਿਵੇਂ ਹੋ ਸਕਦੀ ਹੈ?

29. ਜੈਨ ਮੱਤ ਵਿੱਚ ਦਰਸਾਏ ਤਿੰਨ ਰਤਨਾਂ ਬਾਰੇ ਲਿਖੋ?

30. ਗੁਰਦੁਆਰਾ ਸੰਸਥਾ ਤੇ ਨੋਟ ਲਿਖੋ।

ਭਾਗ-ਏ (100 %ਅੰਤਰਿਕ ਛੋਟ) **5x6=30**

ਵੱਡੇ ਉਤਰਾਂ ਵਾਲੇ ਪ੍ਰਸ਼ਨ, 100-150 ਸ਼ਬਦਾਂ ਵਿੱਚ ਉਤਰ ਲਿਖੋ।

31. ਆਰੰਭਿਕ ਆਰੀਆ ਦੇ ਧਾਰਮਿਕ ਜੀਵਨ ਦੀ ਵਿਆਖਿਆ ਕਰੋ

ਜਾਂ

ਭਗਵਾਨ ਬੁੱਧ ਦੇ ਮਹਾਨ ਤਿਆਗ ਬਾਰੇ ਲਿਖੋ।

32. ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਦਾ ਵਰਨਣ ਕਰੋ।

ਜਾਂ

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਵਿਆਖਿਆ ਕਰੋ।

33. ਵੈਦਿਕ ਸਾਹਿਤ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

ਜਾਂ

ਆਦਿ ਗ੍ਰੰਥ ਸਾਹਿਬ ਦੀ ਮਹੱਤਤਾ ਲਿਖੋ।

34. ਮਹਾਂਵੀਰ ਜੈਨ ਦੇ ਜੀਵਨ ਅਤੇ ਸਿਖਿਆਵਾਂ ਸੰਬੰਧੀ ਚਾਨਣਾ ਪਾਓ ?

ਜਾਂ

ਆਦਿਗ੍ਰੰਥ ਵਿੱਚ ਦਰਜ ਗੁਰੂ ਅਮਰਦਾਸ ਜੀ ਦੀ ਬਾਣੀ ਬਾਰੇ ਸੰਖੇਪ ਜਾਣਕਾਰੀ ਦਿਉ।

35. ਮਨੂੰ ਸਮ੍ਰਿਤੀ ਤੇ ਸੰਖੇਪ ਨੋਟ ਲਿਖੋ।

ਜਾਂ

ਸਿੱਖ ਧਰਮ ਵਿੱਚ ਹੰਕਾਰ ਦੀ ਅਵਧਾਰਨਾ ਦਾ ਵਰਨਣ ਕਰੋ।